

ਸਿਵਲ ਹਸਪਤਾਲ ਦਸੂਹਾ ਵਿਖੇ ਟੀਵੀ ਮੁਕਤ ਮੁਹਿੰਮ ਦੀ ਸ਼ੁਰੂਆਤ ਕਰਦੇ ਹੋਏ ਡਾਕਟਰ ਕੁਲਵਿੰਦਰ ਸਿੰਘ ਤੇ ਸਟਾਫ਼। ਤਸਵੀਰ : ਭੁੱਲਰ

# ਸਿਵਲ ਹਸਪਤਾਲ ਦਸੂਹਾ ਵਿਖੇ 100 ਦਿਨਾਂ ਦੀ ਟੀ.ਬੀ. ਮੁਕਤ ਮੁਹਿੰਮ ਦੀ ਸ਼ੁਰੂਆਤ

ਦਸੂਹਾ, 8 ਦਸੰਬਰ (ਭੁੱਲਰ)- ਸਿਵਲ ਹਸਪਤਾਲ ਦਸੂਹਾ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਡਾ. ਮਨਮੋਹਨ ਸਿੰਘ ਸਿਵਲ ਹਸਪਤਾਲ ਦਸੂਹਾ ਅਤੇ ਜ਼ਿਲ੍ਹਾ ਤਪਦਿਕ ਅਫ਼ਸਰ ਡਾ. ਸ਼ਕਤੀ ਸ਼ਰਮਾ ਦੀ ਅਗਵਾਈ ਹੇਠ ਸਿਵਲ ਹਸਪਤਾਲ ਵਿਖੇ 100 ਡੇ ਟੀ.ਬੀ ਮੁਕਤ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਡਾ. ਕੁਲਵਿੰਦਰ ਸਿੰਘ ਸਿਵਲ ਹਸਪਤਾਲ ਦਸੂਹਾ ਨੇ ਦੱਸਿਆ ਕਿ ਸਾਰੇ ਭਾਰਤ ਵਿਚ 100 ਦਿਨਾਂ ਦੀ ਟੀ.ਬੀ. ਮੁਕਤ ਮੁਹਿੰਮ ਜੋ ਕਿ ਅੱਜ ਤੋਂ ਸ਼ੁਰੂ ਹੋ ਰਹੀ ਹੈ ਉਸ ਮੁਹਿੰਮ ਵਿਚ ਸਿਹਤ ਵਿਭਾਗ ਵਲੋਂ ਚੁਣੇ ਹੋਏ ਹਰ ਪਿੰਡ, ਸ਼ਹਿਰ, ਮੁਹੱਲੇ ਵਿਚ ਕੈਂਪ ਲਗਾਏ ਜਾਣੇ ਹਨ ਜਿਸ ਵਿਚ ਸ਼ੱਕੀ ਮਰੀਜ਼ਾਂ ਦੀ ਭਾਲ ਕੀਤੀ ਜਾਵੇਗੀ। ਇਸ ਕਰਕੇ ਜਿਸ ਵਿਅਕਤੀ ਨੂੰ ਦੋ ਹਫਤੇਆ ਤੋਂ ਵੱਧ ਖਾਂਸੀ ਦਾ ਆਉਣਾ, ਬੁਖ਼ਾਰ ਹੋ ਜਾਣਾ, ਭੁੱਖ ਘੱਟ ਲੱਗਣੀ, ਭਾਰ ਦਾ ਘਟਣਾ ਬਲਗ਼ਮ ਵਿਚ ਖ਼ੂਨ ਦਾ ਆਉਣਾ, ਗਰਦਨ ਵਿਚ ਸੋਜ਼ਸ਼ ਹੋਣਾ। ਸਰਕਾਰੀ ਹਸਪਤਾਲਾਂ ਵਿਚ ਟੀ.ਬੀ ਦਾ ਟੈੱਸਟ ਅਤੇ ਦਵਾਈਆਂ ਮੁਫ਼ਤ ਮਿਲਦੀਆਂ ਹਨ ਅਤੇ ਇਸ ਦਾ ਲਾਭ ਉਠਾਉਣਾ ਚਾਹੀਦਾ ਹੈ। ਇਸ ਮੌਕੇ ਡਾ. ਕੁਲਵਿੰਦਰ ਸਿੰਘ, ਡਾ.ਕਰਨਜੀਤ ਸਿੰਘ, ਡਾ. ਹਿਤੇਸ਼ ਭਾਟੀਆ, ਸੀਨੀਅਰ ਮੈਡੀਕਲ ਲੈਬ ਟੈਕਨੀਸ਼ੀਅਨ ਡੈਨੀਅਲ, ਟੀ.ਬੀ ਸੁਪਰਵਾਈਜ਼ਰ ਮਾਨ ਸਿੰਘ, ਸਿਹਤ ਕਰਮਚਾਰੀ ਗੁਰਨਾਮ ਸਿੰਘ, ਐੱਸ.ਪੀ.ਐਨ. ਨਰਸਿੰਗ ਕਾਲਜ ਦੇ ਟੀਚਰ ਅਤੇ ਸਟੂਡੈਂਟ ਹਾਜ਼ਰ ਹੋਏ।

# ਟਰੱਸਟ ਨੇ ਪ੍ਰੀ-ਨਿਰਵਾਣ ਮੌਕੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ

ਗੜ੍ਹਸ਼ੰਕਰ, 8 ਦਸੰਬਰ (ਧਾਲੀਵਾਲ)- ਡਾ. ਬੀ. ਆਰ. ਅੰਬੇਡਕਰ ਮਿਸ਼ਨ ਟਰੱਸਟ ਗੜ੍ਹਸ਼ੰਕਰ ਵਲੋਂ ਪ੍ਰਧਾਨ ਡਾ. ਅਵਤਾਰ ਸਿੰਘ ਦੀ ਅਗਵਾਈ ਹੇਠ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਪ੍ਰੀ-ਨਿਰਵਾਣ ਦਿਵਸ ਮੌਕੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਡਾ. ਅੰਬੇਡਕਰ ਭਵਨ ਨੰਗਲ ਰੋਡ ਨੇੜੇ ਖ਼ਾਨਪੁਰ ਗੇਟ ਵਿਖੇ ਦੂਜਾ ਸਵੈ-ਇਛੁੱਕ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਡਾ. ਸਤਵਿੰਦਰਪਾਲ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਨਵਾਂਸ਼ਹਿਰ ਵਲੋਂ ਕੀਤਾ ਗਿਆ। ਕੈਂਪ ਦੀ ਸ਼ੁਰੂਆਤ ਟਰੱਸਟੀ ਮੈਂਬਰਾਂ ਡਾ. ਰਾਜਿੰਦਰ ਕੁਮਾਰ, ਪ੍ਰਿੰਸੀਪਲ ਸਤਨਾਮ ਸਿੰਘ, ਲੈਕਚਰਾਰ ਸਤਨਾਮ ਸਿੰਘ, ਮਾ. ਪ੍ਰਦੀਪ ਕੁਮਾਰ, ਲੈਕਚਰਾਰ ਨਰੇਸ਼ ਕੁਮਾਰ ਭੰਮੀਆਂ, ਲੈਕਚਰਾਰ ਮੁਲਖ ਰਾਜ, ਮਾ. ਰਾਜ ਕੁਮਾਰ, ਡਾ. ਰਜੱਤ ਦੁੱਗਲ, ਡਾ. ਮਿਉਰ ਦੁੱਗਲ ਅਤੇ ਮੈਡਮ ਕ੍ਰਿਸ਼ਨਾ ਦੇਵੀ ਵਲੋਂ ਖ਼ੂਨਦਾਨ ਕਰਕੇ ਕੀਤੀ ਗਈ। ਕੈਂਪ ਵਿਚ ਡਾ. ਟੀ.ਪੀ. ਸਿੰਘ ਦੀ ਅਗਵਾਈ ਹੇਠ ਬਲੱਡ ਬੈਂਕ ਬੰਗਾ ਦੀ ਟੀਮ ਵਲੋਂ ਤਕਨੀਕੀ ਪ੍ਰਬੰਧਾਂ ਦੀ ਜ਼ਿੰਮੇਵਾਰੀ ਨਿਭਾਈ ਗਈ। ਕੈਂਪ ਵਿਚ 72 ਮੈਂਬਰਾਂ ਵਲੋਂ ਖ਼ੂਨਦਾਨ ਕਰਕੇ ਸੇਵਾ ਦੇ ਕਾਰਜ ਵਿਚ ਹਿੱਸਾ ਪਾਇਆ ਗਿਆ। ਕੈਂਪ ਦੌਰਾਨ ਖ਼ੂਨਦਾਨੀਆਂ ਦਾ ਕਿੱਟ ਅਤੇ ਸਰਟੀਫਿਕੇਟ



ਖ਼ੂਨਦਾਨ ਕੈਂਪ ਦੇ ਉਦਘਾਟਨ ਮੌਕੇ ਖ਼ੂਨਦਾਨੀਆਂ ਨਾਲ ਮੁੱਖ ਮਹਿਮਾਨ ਡਾ. ਸਤਵਿੰਦਰ ਪਾਲ ਸਿੰਘ ਐੱਸ.ਐੱਮ.ਓ., ਟਰੱਸਟ ਦੇ ਪ੍ਰਧਾਨ ਡਾ. ਅਵਤਾਰ ਸਿੰਘ, ਟਰੱਸਟੀ ਤੇ ਹੋਰ ਸ਼ਖ਼ਸੀਅਤਾਂ। ਤਸਵੀਰ : ਧਾਲੀਵਾਲ

ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਮਾ. ਸੁਖਦੇਵ ਡਾਨਸੀਵਾਲ, ਮਾ. ਸਤਪਾਲ, ਸਰਪੰਚ ਤਰਸੇਮ ਭੰਮੀਆਂ, ਬਲਵੀਰ ਬਡੇਸਰੋਂ, ਸੁਪਰਡੈਂਟ ਮਨਜਿੰਦਰ ਕੁਮਾਰ, ਸੂਬੇ. ਸਤਨਾਮ ਸਿੰਘ, ਡਾ. ਨਿਰਮਲਜੀਤ ਡੀ.ਵੀ.ਆਈ., ਡਾ. ਰਾਜਿੰਦਰ ਕੁਮਾਰ ਡੀ.ਵੀ.ਆਈ., ਲਾਇਬਰੇਰੀਅਨ ਦੀਵਾਨ ਚੰਦ, ਮਾ. ਪਰਮਜੀਤ ਸਿੰਘ, ਮਾ. ਹਰੀ ਰਾਮ, ਡਾ. ਵਿਕਾਸ ਨਾਰਦਾ, ਡਾ. ਅਮਰੀਕ ਪਨਾਮ, ਸੰਨੀ ਪਨਾਮ, ਠੇਕੇਦਾਰ ਹਰਮੇਸ਼ ਲਾਲ ਖ਼ਾਨਪੁਰ, ਰਜਿੰਦਰ ਪਾਲ ਗੜ੍ਹਸ਼ੰਕਰ ਅਤੇ ਰਾਕੇਸ਼ ਕੁਮਾਰ ਪਦਰਾਣਾ ਵਲੋਂ ਉਚੇਚੇ ਤੌਰ 'ਤੇ ਖ਼ੂਨਦਾਨ ਕੀਤਾ ਗਿਆ। ਕੈਂਪ ਦੀ ਸਫਲਤਾ ਲਈ ਵੱਖ-ਵੱਖ ਅਦਾਰਿਆਂ ਅਤੇ ਸੰਸਥਾਵਾਂ ਤੋਂ ਇਲਾਵਾ ਡਾ. ਨਿਰਮਲ ਕੁਮਾਰ, ਇੰਜ. ਸਤਵਿੰਦਰ ਸਿੰਘ ਸਲੇਮਪੁਰ, ਪੀ.ਐਲ. ਸੂਦ ਅਤੇ ਕੁੰਦਨ ਲਾਲ ਬਡੇਸਰੋਂ ਵਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਕੈਂਪ ਵਿਚ ਪਹੁੰਚੀਆਂ ਸ਼ਖ਼ਸੀਅਤਾਂ ਤੋਂ ਇਲਾਵਾ ਗੁਰਲਾਲ ਸੈਲਾ ਸੂਬਾ ਸਕੱਤਰ ਬਸਪਾ, ਇੰਜੀਨੀਅਰ ਨਰਿੰਦਰ ਪਾਲ ਸਿੰਘ ਵਾਈਸ ਚੇਅਰਮੈਨ ਆਦਿ ਧਰਮ ਮਿਸ਼ਨ, ਪ੍ਰਿੰਸੀਪਲ ਡਾ. ਬਿੱਕਰ ਸਿੰਘ, ਕਾਮਰੇਡ ਦਰਸ਼ਨ ਸਿੰਘ ਮੱਟੂ, ਹਰਦੇਵ ਰਾਏ, ਸੈਂਡੀ ਭੱਜਲਾਂ ਵਾਲਾ, ਸਰਪੰਚ ਰਵਿੰਦਰ ਕੁਮਾਰ, ਕਮਲਦੀਪ ਬਿੱਟੂ, ਮੈਡਮ ਸਰਿਤਾ ਸ਼ਰਮਾ, ਟਰੱਸਟ ਵਲੋਂ ਰਣਬੀਰ ਬੱਬਰ, ਦਿਲਾਵਰ ਸਿੰਘ, ਐਡਵੋਕੇਟ ਬਲਜਿੰਦਰ ਕੁਮਾਰ ਕੁੱਲੇਵਾਲ, ਸੰਦੀਪ ਬਡੇਸਰੋਂ, ਹਰਜੋਧ ਸਿੰਘ, ਨਿਖਿਲ ਕੁਮਾਰ, ਮਾ. ਹਰਪਾਲ ਸਹੋਤਾ, ਮਾ. ਬਲਵਿੰਦਰ ਕੁਮਾਰ, ਬਲਵਿੰਦਰ ਨਾਨੋਵਾਲੀਆ ਆਦਿ ਹਾਜ਼ਰ ਸਨ।



ਰਿਆਤ ਬਾਹਰਾ ਐਜੂਕੇਸ਼ਨ ਸਿਟੀ ਹੁਸ਼ਿਆਰਪੁਰ ਵਿਖੇ ਫੁੱਟਬਾਲ ਟੂਰਨਾਮੈਂਟ ਕੱਪ ਦੀ ਸ਼ੁਰੂਆਤ ਮੌਕੇ ਖਿਡਾਰੀਆਂ ਨਾਲ ਕੈਂਪਸ ਡਾਇਰੈਕਟਰ ਡਾ: ਚੰਦਰ ਮੋਹਨ ਤੇ ਹੋਰ। ਤਸਵੀਰ : ਹਮਸ਼ਾਇਨ ਸਟੂਡੀਓ

# ਰਿਆਤ ਬਾਹਰਾ ਐਜੂਕੇਸ਼ਨ ਸਿਟੀ 'ਚ ਫੁੱਟਬਾਲ ਟੂਰਨਾਮੈਂਟ ਕੱਪ ਸ਼ੁਰੂ

ਹੁਸ਼ਿਆਰਪੁਰ, 8 ਦਸੰਬਰ (ਬਲਜਿੰਦਰਪਾਲ ਸਿੰਘ, ਹਰਪ੍ਰੀਤ ਕੌਰ)- ਰਿਆਤ ਬਾਹਰਾ ਐਜੂਕੇਸ਼ਨ ਸਿਟੀ ਹੁਸ਼ਿਆਰਪੁਰ ਵਿਖੇ ਫੁੱਟਬਾਲ ਟੂਰਨਾਮੈਂਟ ਕੱਪ-2024 ਕਰਵਾਇਆ ਗਿਆ, ਜਿਸ 'ਚ ਕੁੱਲ 32 ਟੀਮਾਂ ਭਾਗ ਲੈ ਰਹੀਆਂ ਹਨ। ਕੈਂਪਸ ਡਾਇਰੈਕਟਰ ਡਾ: ਚੰਦਰ ਮੋਹਨ ਨੇ ਟੂਰਨਾਮੈਂਟ ਦਾ ਉਦਘਾਟਨ ਕਰਦਿਆਂ ਖਿਡਾਰੀਆਂ ਨੂੰ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਖੇਡਾਂ ਨਾ ਸਿਰਫ਼ ਸਰੀਰਕ ਸਿਹਤ ਨੂੰ ਉਤਸ਼ਾਹਿਤ ਕਰਦੀਆਂ ਹਨ ਸਗੋਂ ਅਨੁਸ਼ਾਸਨ, ਟੀਮ ਵਰਕ ਅਤੇ ਆਤਮ-ਵਿਸ਼ਵਾਸ ਵਰਗੇ ਜੀਵਨ ਵਿਚ ਮਹੱਤਵਪੂਰਨ ਗੁਣਾਂ ਦਾ ਵਿਕਾਸ ਕਰਦੀਆਂ ਹਨ। ਇਸ ਟੂਰਨਾਮੈਂਟ ਦਾ ਉਦੇਸ਼ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਨਾ ਅਤੇ ਉਨ੍ਹਾਂ ਵਿਚ ਛੁਪੀ ਪ੍ਰਤਿਭਾ ਨੂੰ ਇਕ ਪਲੇਟਫਾਰਮ ਪ੍ਰਦਾਨ ਕਰਨਾ ਹੈ। ਉਦਘਾਟਨੀ ਮੈਚ 'ਚ ਗੁਜ਼ਰਪੁਰ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਚੱਬੇਵਾਲ ਦੀ ਟੀਮ ਨੂੰ 1-0 ਨਾਲ ਹਰਾ ਕੇ ਟੂਰਨਾਮੈਂਟ 'ਚ ਬੜ੍ਹਤ ਹਾਸਲ ਕੀਤੀ। ਖੇਡ ਅਫ਼ਸਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਜੇਤੂਆਂ ਨੂੰ ਆਕਰਸ਼ਕ ਨਕਦ ਇਨਾਮ ਦਿੱਤੇ ਜਾਣਗੇ। ਪਹਿਲੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 21,000 ਰੁਪਏ, ਦੂਜੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 11,000 ਰੁਪਏ ਅਤੇ ਤੀਜੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 5,000 ਰੁਪਏ ਦੀ ਰਾਸ਼ੀ ਨਾਲ ਟਰਾਫੀ ਦਿੱਤੀ ਜਾਵੇਗੀ। ਇਸ ਮੌਕੇ ਡਾ: ਹਰਿੰਦਰ ਗਿੱਲ, ਡਾ: ਆਰ.ਐਨ. ਸਿੰਘ, ਡਾ: ਪੱਲਵੀ ਪੰਡਿਤ, ਡਾ: ਗੁਰਜੀਤ ਸਿੰਘ, ਡਾ: ਮਨਿੰਦਰ ਗਰੋਵਰ, ਮਨਮੀਤ ਬੈਂਸ, ਕੁਲਦੀਪ ਰਾਣਾ ਅਤੇ ਕੈਂਪਸ ਦਾ ਸਮੁੱਚਾ ਸਟਾਫ਼ ਹਾਜ਼ਰ ਸੀ।



ਬਤੌਰ ਐਮ.ਓ. ਅਹੁਦਾ ਸੰਭਾਲਣ ਉਪਰੰਤ ਡਾ. ਗੀਤਿਕਾ। ਤਸਵੀਰ : ਬਲਵਿੰਦਰਜੀਤ ਸਿੰਘ ਸੈਣੀ

# ਡਾ. ਗੀਤਿਕਾ ਨੇ ਆਮ ਆਦਮੀ ਕਲੀਨਿਕ ਮਹਿਤਾਬਪੁਰ ਵਿਖੇ ਬਤੌਰ ਐਮ.ਓ. ਅਹੁਦਾ ਸੰਭਾਲਿਆ

ਭੰਗਾਲਾ, 8 ਦਸੰਬਰ (ਬਲਵਿੰਦਰਜੀਤ ਸਿੰਘ ਸੈਣੀ)- ਤਹਿਸੀਲ ਮੁਕੇਰੀਆਂ ਅਧੀਨ ਪੈਂਦਾ ਪਿੰਡ ਮਹਿਤਾਬਪੁਰ ਵਿਖੇ ਆਮ ਆਦਮੀ ਕਲੀਨਿਕ ਵਿੱਚ ਡਾ. ਗੀਤਿਕਾ ਨੇ ਬਤੌਰ ਮੈਡੀਕਲ ਅਫ਼ਸਰ ਦਾ ਅਹੁਦਾ ਸੰਭਾਲਿਆ। ਇਸ ਮੌਕੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਠਾਕੁਰ ਵਿਜੇ ਕੁਮਾਰ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਜੋ ਕਿ ਪੱਛੜੇ ਇਲਾਕਿਆਂ ਵਿਚ ਆਮ ਆਦਮੀ ਕਲੀਨਿਕ ਖੋਲ ਕੇ ਲੋਕਾਂ ਨੂੰ ਬਹੁਤ ਹੀ ਵਧੀਆ ਅਤੇ ਬਿਲਕੁਲ ਮੁਫਤ ਦਵਾਈਆਂ ਸਹੂਲਤ ਉਪਲੱਬਧ ਕਰਵਾਈਆਂ ਜਾ ਰਹੀ ਹੈ। ਉਸੇ ਲੜੀ ਤਹਿਤ ਮੇਰੀ ਬੇਟੀ ਡਾ. ਗੀਤਿਕਾ ਨੇ ਇਸ ਆਮ ਆਦਮੀ ਕਲੀਨਿਕ ਵਿੱਚ ਬਤੌਰ ਮੈਡੀਕਲ ਅਫ਼ਸਰ ਜੁਆਇੰਨ ਕੀਤਾ ਹੈ। ਨਵ-ਨਿਯੁਕਤ ਡਾਕਟਰ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਮੈਨੂੰ ਮਿਲੇ ਜਿੰਮੇਵਾਰੀ ਮੈਂ ਪੂਰੀ ਤਨਦੇਹੀ ਨਾਲ ਨਿਭਾਵਾਂਗੀ। ਇਸ ਮੌਕੇ ਸਰਪੰਚ ਮਨਜਿੰਦਰ ਸਿੰਘ, ਠਾਕੁਰ ਨਰੋਤਮ ਸਿੰਘ ਸਾਬਕਾ ਚੇਅਰਮੈਨ, ਬਲਵਿੰਦਰ ਸਿੰਘ, ਰੋਕੀ ਸਰਪੰਚ, ਡਾ. ਰਮੇਸ਼ ਸੈਣੀ, ਰਣਵੀਰ ਸਿੰਘ ਸਰਪੰਚ, ਰਾਕੇਸ਼ ਮਿਨਹਾਸ, ਮਸਜਿੰਦਰ ਸਿੰਘ ਸਰਪੰਚ, ਪ੍ਰਿੰ. ਕੁਲਦੀਪ ਸਿੰਘ, ਸਤ ਨਰਾਹਿਣ ਸਿੰਘ, ਮਸਤਾਨ ਸਿੰਘ ਭੰਗਾਲਾ, ਮੰਗਤ ਰਾਮ ਮੰਗਾ, ਸੁਭਾਸ਼ ਠਾਕੁਰ, ਅਪਿੰਦਰ ਠਾਕੁਰ, ਅਸ਼ੋਕ ਕੁਮਾਰ ਗਾਹਲੜੀਆਂ, ਸੰਦੀਪ ਮਿਨਹਾਸ ਸੂਬਾ ਕਮੇਟੀ ਮੈਂਬਰ ਭਾਜਪਾ, ਵਿਜੇ ਠਾਕੁਰ, ਬਹਾਦਰ ਸਿੰਘ ਲੰਬੜਦਾਰ, ਚੂੜ ਰਾਮ, ਰਾਜਦੀਪ ਸਿੰਘ ਹੈਲਥ ਇੰਸਪੈਕਟਰ, ਬਲਵਿੰਦਰ ਪਾਲ ਸਿੰਘ ਅਤੇ ਹੋਰ ਵਿਸ਼ੇਸ਼ ਹਾਜ਼ਰ ਸਨ।

## ਜਨਮ ਦਿਨ ਮੁਬਾਰਕ



ਰਮਨਦੀਪ ਕੌਰ
ਮਾਤਾ : ਦਲੀਪ ਕੌਰ
ਪਿਤਾ : ਸੁਖਵਿੰਦਰਪਾਲ ਸਿੰਘ
ਵਾਸੀ : ਹਰਸੀ ਪਿੰਡ (ਟਾਂਡਾ)



ਬਾਕਸਿੰਗ ਦੀਆਂ ਜੇਤੂ ਖਿਡਾਰਨਾਂ ਨੂੰ ਸਨਮਾਨਿਤ ਕਰਦੇ ਹੋਏ ਪਰਮਜੀਤ ਸਿੰਘ ਸਚਦੇਵਾ ਤੇ ਨਾਲ ਨਾਰੀ ਵੈੱਲਫੇਅਰ ਸੋਸਾਇਟੀ ਪ੍ਰਧਾਨ ਮਨਦੀਪ ਕੌਰ ਤੇ ਹੋਰ ਮੈਂਬਰ। ਤਸਵੀਰ: ਹਮਸ਼ਾਇਨ ਸਟੂਡੀਓ

# ਨਾਰੀ ਵੈੱਲਫੇਅਰ ਸੁਸਾਇਟੀ ਵਲੋਂ ਬਾਕਸਿੰਗ ਖਿਡਾਰਨਾਂ ਦਾ ਸਨਮਾਨ

ਹੁਸ਼ਿਆਰਪੁਰ, 8 ਦਸੰਬਰ (ਬਲਜਿੰਦਰਪਾਲ ਸਿੰਘ, ਹਰਪ੍ਰੀਤ ਕੌਰ)- ਕੇ.ਐਲ. ਬਾਕਸਿੰਗ ਅਕੈਡਮੀ ਹੁਸ਼ਿਆਰਪੁਰ ਵਿਚ ਨਾਰੀ ਵੈੱਲਫੇਅਰ ਸੋਸਾਇਟੀ ਵੱਲੋਂ ਸਨਮਾਨ ਸਮਾਰੋਹ ਕਰਵਾਇਆ ਗਿਆ। ਜਿਸ ਵਿਚ ਸਮਾਜ ਸੇਵੀ ਪਰਮਜੀਤ ਸਿੰਘ ਸਚਦੇਵਾ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਜਿਨ੍ਹਾਂ ਨੇ 'ਖੇਡਾਂ ਵਤਨ ਪੰਜਾਬ ਦੀਆਂ' 'ਚ ਜੇਤੂ ਖਿਡਾਰਨਾਂ ਨੂੰ ਸਨਮਾਨਿਤ ਕੀਤਾ ਗਿਆ। ਗੋਲਡ ਮੈਡਲਿਸਟ ਕੋਮਲ, ਅਨਾਮਿਕਾ, ਹਰਮਨ, ਸੋਫੀਆ, ਅਨੀਸ਼ਾ ਅਤੇ ਏਕਤਾ ਸਰੋਜ, ਸਿਲਵਰ ਮੈਡਲਿਸਟ ਪਲਕ, ਮੁਸਕਾਨ ਤੇ ਜਤਿਨ ਅਤੇ ਬਰਾਊਨ ਮੈਡਲਿਸਟ ਰਾਜਪ੍ਰੀਤ, ਗੁਰਪ੍ਰੀਤ, ਜਸ਼ਨਦੀਪ ਤੇ ਇੰਟਰਨੈਸ਼ਨਲ ਗੋਲਡ ਮੈਡਲਿਸਟ ਸ਼ਾਕਸੀ ਬਹਿਲ ਅਤੇ ਜੇਤੂ ਖਿਡਾਰਨਾਂ ਨੂੰ ਨਾਰੀ ਵੈੱਲਫੇਅਰ ਸੋਸਾਇਟੀ ਵੱਲੋਂ ਟਰਾਫ਼ੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਜਿਸ ਵਿਚ ਕੇ.ਐਲ. ਬਾਕਸਿੰਗ ਅਕੈਡਮੀ ਹੁਸ਼ਿਆਰਪੁਰ ਦੇ ਕੋਚ ਘਨੱਈਆ ਤੇ ਰਕੇਸ਼ ਚਾਵਲਾ ਅਤੇ ਨਾਰੀ ਵੈੱਲਫੇਅਰ ਸੋਸਾਇਟੀ ਦੇ ਪ੍ਰਧਾਨ ਮਨਦੀਪ ਕੌਰ ਆਪਣੀ ਪੂਰੀ ਟੀਮ ਨਾਲ ਮੌਜੂਦ ਰਹੇ। ਇਸ ਮੌਕੇ ਪਰਮਜੀਤ ਸਚਦੇਵਾ ਨੇ ਅਕੈਡਮੀ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਅਕੈਡਮੀ ਦੇ ਕੋਚ ਘਨੱਈਆ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ।



ਨੌਜਵਾਨ ਮਨੀਸ਼ ਕੁਮਾਰ ਦਾ ਸਬ-ਇੰਸਪੈਕਟਰ ਬਣਨ 'ਤੇ ਸਨਮਾਨ ਕਰਦੇ ਹੋਏ ਸ੍ਰੀ ਮਣੀ ਮਹੇਸ਼ ਲੰਗਰ ਕਮੇਟੀ ਅਤੇ ਮਾਪੇ। ਤਸਵੀਰ : ਬਲਵਿੰਦਰਜੀਤ ਸਿੰਘ ਸੈਣੀ

# ਹਰਸਾ ਮਾਨਸਰ ਦੇ ਨੌਜਵਾਨ ਮਨੀਸ਼ ਕੁਮਾਰ ਟਰੇਨਿੰਗ ਪੂਰੀ ਕਰ ਬਣੇ ਸਬ ਇੰਸਪੈਕਟਰ

## ਜੱਦੀ ਪਿੰਡ ਪਹੁੰਚਣ 'ਤੇ ਮਾਤਾ-ਪਿਤਾ ਨੇ ਕੀਤਾ ਸਵਾਗਤ

ਭੰਗਾਲਾ, 8 ਦਸੰਬਰ (ਬਲਵਿੰਦਰਜੀਤ ਸਿੰਘ ਸੈਣੀ)- ਪਿੰਡ ਹਰਸਾ ਮਾਨਸਰ ਦਾ ਨੌਜਵਾਨ ਮਨੀਸ਼ ਕੁਮਾਰ ਜੋ ਮੱਧ ਪ੍ਰਦੇਸ਼ ਦੇ ਨੀਮਚ ਸਥਿਤ ਸੈਂਟਰਲ ਟਰੇਨਿੰਗ ਕਾਲਜ ਤੋਂ ਸਬ-ਇੰਸਪੈਕਟਰ (ਸੀ. ਆਰ. ਪੀ. ਐਫ.) ਵਜੋਂ ਆਪਣੀ ਇੱਕ ਸਾਲ ਦੀ ਸਿਖਲਾਈ ਪੂਰੀ ਕਰਨ ਉਪਰੰਤ ਪੂਰੀ ਵਰਦੀ ਵਿਚ ਆਪਣੇ ਜੱਦੀ ਪਿੰਡ ਪਹੁੰਚਿਆ ਤਾਂ ਉਸ ਦੇ ਮਾਤਾ-ਪਿਤਾ ਅਤੇ ਰਿਸ਼ਤੇਦਾਰਾਂ ਨੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਸ੍ਰੀ ਮਣੀ ਮਹੇਸ਼ ਲੰਗਰ ਕਮੇਟੀ ਦੇ ਚੇਅਰਮੈਨ ਸੰਜੀਵ ਅਨੰਦ ਆਪਣੀ ਕੋਰ ਟੀਮ ਸਮੇਤ ਉਨ੍ਹਾਂ ਦੇ ਘਰ ਪਹੁੰਚੇ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸਿੱਖਿਆ ਸ਼ਾਸਤਰੀ ਜੀਵਨ ਸ਼ਰਮਾ, ਲਖਨ ਸਿੰਘ ਰਾਣਾ, ਡਾ. ਸੁਰਿੰਦਰ ਕੁਮਾਰ, ਸੁਨੀਤ ਕੁਮਾਰ, ਪ੍ਰਵੀਨ ਕੁਮਾਰ, ਮੁਕੇਸ਼ ਬੱਗਾ, ਸੁਖਦੇਵ ਸਿੰਘ, ਪੁਸ਼ਪਾ ਦੇਵੀ, ਵਿਮਲਾ ਦੇਵੀ, ਰਾਜੇਸ਼ ਕੁਮਾਰ, ਵਿਕਰਮ ਸਿੰਘ, ਸ਼ਿੰਦ ਲਾਲ, ਕਰਨੈਲ ਚੰਦ, ਬ੍ਰਹਮਦਾਸ, ਸੁਰਜੀਤ ਸਿੰਘ, ਵਿਆਸ ਦੇਵ, ਬਲਕਾਰ ਸਿੰਘ, ਸਾਹਿਲ ਕੋਹਲ, ਸੀਮਾ ਦੇਵੀ, ਪ੍ਰੀਤੀ ਕੋਮਲ, ਸੁਨੈਨਾ, ਨੇਹਾ, ਸਾਕਸ਼ੀ, ਰੇਖਾ ਦੇਵੀ ਆਦਿ ਹਾਜ਼ਰ ਸਨ।



ਨਿਬੰਧ ਲੇਖਣ, ਭਾਸ਼ਣ ਮੁਕਾਬਲੇ ਅਤੇ ਪੋਸਟਰ ਮੇਕਿੰਗ ਵਿਚ ਵਿਦਿਆਰਥੀ ਅਤੇ ਪ੍ਰਿੰ. ਡਾ. ਸੁਰਜੀਤ ਕੌਰ ਬਾਜਵਾ। ਤਸਵੀਰ : ਕੌਸ਼ਲ

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਵੱਖ-ਵੱਖ ਮੁਕਾਬਲੇ ਕਰਵਾਏ

ਦਸੂਹਾ, 8 ਦਸੰਬਰ (ਕੌਸ਼ਲ)- ਗੁਰੂ ਤੇਗ਼ ਬਹਾਦਰ ਖ਼ਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦਸੂਹਾ ਵਿਚ ਪ੍ਰਿੰਸੀਪਲ ਡਾ. ਸੁਰਜੀਤ ਕੌਰ ਬਾਜਵਾ ਦੀ ਅਗਵਾਈ ਹੇਠ ਵਿਦਿਆਰਥੀਆਂ ਨੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਸਮਰਪਿਤ 'ਗੁਰੂ ਤੇਗ਼ ਬਹਾਦਰ ਹਿੰਦ ਕੀ ਚਾਦਰ' ਵਿਸ਼ੇ 'ਤੇ ਨਿਬੰਧ ਲੇਖਣ, ਭਾਸ਼ਣ ਮੁਕਾਬਲੇ ਅਤੇ ਪੋਸਟਰ ਮੇਕਿੰਗ ਵਿਚ ਵਧ-ਚੜ੍ਹ ਕੇ ਹਿੱਸਾ ਲਿਆ, ਜਿਸ ਵਿਚ ਭਾਸ਼ਣ ਮੁਕਾਬਲੇ ਵਿਚ ਬੀਰਇੰਦਰ ਕੌਰ ਨੇ ਪਹਿਲਾ, ਸਿਮਰਨਜੀਤ ਕੌਰ ਨੇ ਦੂਸਰਾ ਅਤੇ ਸਿਮਰਨਜੀਤ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਪੋਸਟਰ ਮੇਕਿੰਗ ਵਿਚ ਰਮਨਪ੍ਰੀਤ ਕੌਰ ਨੇ ਪਹਿਲਾ, ਦਮਨਪ੍ਰੀਤ ਕੌਰ ਨੇ ਦੂਸਰਾ ਅਤੇ ਕੁਲਜੀਤ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਨਿਬੰਧ ਲੇਖਣ ਵਿਚ ਅਨੁਰੀਤ ਕੌਰ ਅਤੇ ਪੂਜਾ ਨੇ ਪਹਿਲਾ, ਬਲਜੀਤ ਕੌਰ ਅਤੇ ਜਸਵੀਰ ਕੌਰ ਨੇ ਦੂਸਰਾ ਅਤੇ ਹਰਮਨਪ੍ਰੀਤ ਕੌਰ ਸੈਣੀ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ. ਸੁਰਜੀਤ ਕੌਰ ਬਾਜਵਾ, ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਸਰਕਾਰੀ ਸਕੂਨ ਹਾਜੀਪੁਰ ਦੀਆਂ ਚਾਰ ਵਿਦਿਆਰਥਣਾਂ ਅਡਵੈਂਚਰ ਕੋਰਸ ਲਈ ਮੈਕਲੌਡਗੰਜ ਰਵਾਨਾ

ਹਾਜੀਪੁਰ, 8 ਦਸੰਬਰ (ਜੋਗਿੰਦਰ ਸਿੰਘ)- ਪੀ. ਐਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਜੀਪੁਰ ਦੀਆਂ ਚਾਰ ਵਿਦਿਆਰਥਣਾਂ ਹਿਮਾਚਲ ਪ੍ਰਦੇਸ਼ ਵਿਚ ਮਕਲੌਡਗੰਜ ਵਿਖੇ ਦਸ ਦਿਨਾਂ ਐਡਵੈਂਚਰ ਕੋਰਸ ਲਈ ਰਵਾਨਾ ਹੋ ਰਹੀਆਂ ਹਨ। ਸਕੂਲ ਮੁਖੀ ਪ੍ਰਿੰ. ਸੰਜੀਵ ਕੁਮਾਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿੱ.) ਹੁਸ਼ਿਆਰਪੁਰ ਲਲਿਤਾ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਵਿਭਾਗ ਰਵੀ ਦਾਰਾ ਦੀ ਅਗਵਾਈ ਹੇਠ ਸਕੂਲ ਦੇ ਕੌਮੀ ਸੇਵਾ ਯੋਜਨਾ ਯੂਨਿਟ ਦੇ ਪ੍ਰੋਗਰਾਮ ਅਫ਼ਸਰ ਸਮਰਜੀਤ ਸਿੰਘ ਲੈਕਚਰਾਰ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਸ਼ਲਾਘਾਯੋਗ ਯੋਗਦਾਨ ਪਾਇਆ ਜਾ ਰਿਹਾ ਹੈ। ਇਸੇ ਉਪਰਾਲੇ ਸਦਕਾ ਬਾਰ੍ਹਵੀਂ ਜਮਾਤ ਦੀਆਂ ਚਾਰ ਵਿਦਿਆਰਥਣਾਂ ਰਾਣੀ, ਗੀਤੀਕਾ, ਮਹਿਕ ਅਤੇ ਸੁਰਿੰਦਰ ਨੂੰ ਦਸ ਦਿਨਾਂ ਸਿਖਲਾਈ ਕੋਰਸ ਵਿਚ ਸ਼ਾਮਿਲ ਹੋਣ ਦਾ ਮੌਕਾ ਮਿਲਿਆ ਹੈ, ਜੋ ਸਕੂਲ ਲਈ ਮਹੱਤਵਪੂਰਨ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਕੌਮੀ ਸੇਵਾ ਯੋਜਨਾ ਵਿਦਿਆਰਥੀਆਂ ਦੀ ਸਰਵਪੱਖੀ ਵਿਕਾਸ ਲਈ ਬੇਹੱਦ ਅਹਿਮ ਲਾਹੇਵੰਦ ਭੂਮਿਕਾ ਨਿਭਾਉਂਦਾ ਹੈ। ਐਨ.




ਐਡਵੈਂਚਰ ਕੋਰਸ 'ਤੇ ਜਾਣ ਵਾਲੀਆਂ ਵਿਦਿਆਰਥਣਾਂ ਬਾਰੇ ਜਾਣਕਾਰੀ ਦਿੰਦੇ ਹੋਏ, ਪ੍ਰਿੰ. ਸੰਜੀਵ ਕੁਮਾਰ, ਲੈਕਚਰਾਰ ਸਮਰਜੀਤ ਸਿੰਘ ਅਤੇ ਹੋਰ। ਤਸਵੀਰ : ਜੋਗਿੰਦਰ ਸਿੰਘ

ਐੱਸ. ਐੱਸ. ਦੇ ਪ੍ਰੋਗਰਾਮ ਅਫ਼ਸਰ ਸਮਰਜੀਤ ਸਿੰਘ ਨੇ ਦੱਸਿਆ ਕਿ ਅਟੱਲ ਬਿਹਾਰੀ ਵਾਜਪੇਈ ਪਰਬਤਾਰੋਹੀ ਅਤੇ ਸਹਾਇਕ ਖੇਡਾਂ ਸੰਸਥਾਨ ਮਨਾਲੀ ਵਲੋਂ 8 ਤੋਂ 17 ਦਸੰਬਰ ਤੱਕ ਮਕਲੌਡਗੰਜ ਵਿਖੇ ਲਗਾਏ ਜਾ ਰਹੇ। ਇਸ ਕੋਰਸ ਵਿਚ ਜ਼ਿਲ੍ਹਾ ਹੁਸ਼ਿਆਰਪੁਰ, ਕਪੂਰਥਲਾ ਅਤੇ ਜਲੰਧਰ ਜ਼ਿਲ੍ਹਿਆਂ ਤੋਂ 50 ਲੜਕੀਆਂ ਸ਼ਾਮਿਲ ਹੋ ਰਹੀਆਂ ਹਨ, ਜਿਨ੍ਹਾਂ ਵਿਚੋਂ 17 ਜ਼ਿਲ੍ਹਾ ਹੁਸ਼ਿਆਰਪੁਰ ਤੋਂ ਹਨ ਅਤੇ ਚਾਰ ਵਿਦਿਆਰਥਣਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਜੀਪੁਰ ਦੀਆਂ ਵਿਦਿਆਰਥਣਾਂ ਹਨ। ਉਨ੍ਹਾਂ ਦੱਸਿਆ ਕਿ ਸਕੂਲ ਦੇ ਕੌਮੀ ਸੇਵਾ ਯੂਨਿਟ ਵਲੋਂ ਪ੍ਰਿੰਸੀਪਲ ਸੰਜੀਵ ਕੁਮਾਰ ਦੇ ਅਗਵਾਈ ਹੇਠ ਵਿਭਾਗੀ ਨਿਰਦੇਸ਼ਾਂ ਅਨੁਸਾਰ ਉਲੀਕੇ ਪ੍ਰੋਗਰਾਮਾਂ ਨੂੰ ਪੂਰੇ ਉਤਸ਼ਾਹ ਨਾਲ ਸਫਲਤਾਪੂਰਵਕ ਢੰਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲੈਕਚਰਾਰ ਪਰਵਿੰਦਰ ਸਿੰਘ ਗਿੱਲ, ਨਰਿੰਦਰ ਸਿੰਘ, ਤਜਿੰਦਰ ਸਿੰਘ ਅਤੇ ਹੋਰ ਹਾਜ਼ਰ ਸਨ।



ਸਰਕਾਰੀ ਐਲੀਮੈਂਟਰੀ ਸਕੂਲ ਚੁਣੌਤਾ ਵਿਖੇ ਫ਼ਰਿਜ ਭੇਟ ਕਰਦੇ ਹੋਏ ਦਾਨੀ ਸੱਜਣ। ਤਸਵੀਰ : ਭੁੱਲਰ

# ਦਾਨੀ ਪਰਿਵਾਰ ਵਲੋਂ ਸਰਕਾਰੀ ਐਲੀਮੈਂਟਰੀ ਸਕੂਲ ਚੁਣੌਤਾ ਨੂੰ ਫ਼ਰਿਜ ਭੇਟ

ਦਸੂਹਾ, 8 ਦਸੰਬਰ (ਭੁੱਲਰ)- ਸਰਕਾਰੀ ਐਲੀਮੈਂਟਰੀ ਸਕੂਲ ਚੁਣੌਤਾ ਵਿਖੇ ਦਾਨੀ ਪਰਿਵਾਰ ਵਲੋ ਫ਼ਰਿਜ ਦਾਨ ਕੀਤੀ ਗਈ। ਸਕੂਲ ਮੁਖੀ ਨੇ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਦੱਸਿਆ ਕਿ ਮੈਂਬਰ ਪੰਚਾਇਤ ਸਰਦਾਰ ਜੋਗਾ ਸਿੰਘ ਵਲੋਂ ਵਿਦੇਸ਼ ਵਿਚ ਆਪਣੇ ਪੋਤਰੇ ਹਰਲੀਨ ਸਿੰਘ ਦੇ ਪੱਕੇ ਹੋਣ ਦੀ ਖ਼ੁਸ਼ੀ ਵਿਚ ਸਕੂਲ ਨੂੰ ਫ਼ਰਿਜ ਭੇਟ ਕੀਤੀ ਗਈ। ਇਸ ਮੌਕੇ ਸਕੂਲ ਦੇ ਸਮੂਹ ਸਟਾਫ਼ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੁਰਿੰਦਰ ਕੌਰ, ਸੁਮਿਤ ਸੈਣੀ, ਸਾਬਕਾ ਸਰਪੰਚ ਸੁਰਿੰਦਰ ਸਿੰਘ , ਸਾਬਕਾ ਸਰਪੰਚ ਤਰਸੇਮ ਸਿੰਘ, ਦਲਜੀਤ ਸਿੰਘ, ਸੁਰਜੀਤ ਸਿੰਘ ,ਦਲਬੀਰ ਸਿੰਘ, ਅਸ਼ੋਕ ਸਿੰਘ ਮੈਂਬਰ ਪੰਚਾਇਤ, ਮਾਸਟਰ ਪਰਮਿੰਦਰ ਸਿੰਘ, ਮਾਸਟਰ ਭੁਪਿੰਦਰ ਸਿੰਘ, ਮੈਡਮ ਹਰਜੀਤ ਕੌਰ, ਆਂਗਣਵਾੜੀ ਵਰਕਰ ਰਜਿੰਦਰ ਕੌਰ, ਤਲਵਿੰਦਰ ਕੌਰ, ਰੇਸ਼ਮ ਕੌਰ ਅਤੇ ਬਿੰਦਰਜੀਤ ਕੌਰ ਹਾਜ਼ਰ ਸਨ।



ਸੰਤ ਨਿਰੰਕਾਰੀ ਮਿਸ਼ਨ ਦੇ ਜ਼ੋਨਲ ਇੰਚਾਰਜ ਸ. ਨਿਰੰਕਾਰੀ ਮਿਸ਼ਨ ਐਮ.ਐਲ. ਸ਼ਰਮਾ ਤੇ ਹੋਰ ਜਾਣਕਾਰੀ ਦਿੰਦੇ ਹੋਏ। ਤਸਵੀਰ : ਰਾਮਗੜ੍ਹੀਆ

# 14 ਦਸੰਬਰ ਨੂੰ ਲਗਾਇਆ ਜਾਵੇਗਾ ਖ਼ੂਨਦਾਨ ਕੈਂਪ-ਐਮ.ਐਲ. ਸ਼ਰਮਾ

ਮੁਕੇਰੀਆਂ, 8 ਦਸੰਬਰ (ਰਾਮਗੜ੍ਹੀਆ)- ਸੰਤ ਨਿਰੰਕਾਰੀ ਮਿਸ਼ਨ ਦੇ ਜ਼ੋਨਲ ਇੰਚਾਰਜ ਸ. ਨਿਰੰਕਾਰੀ ਮਿਸ਼ਨ ਐਮ.ਐਲ. ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਸੰਤ ਨਿਰੰਕਾਰੀ ਮਿਸ਼ਨ ਦੇ ਪ੍ਰਧਾਨ ਸਤਿਗੁਰੂ ਮਾਤਾ ਸੁਦੀਕਸ਼ਾ ਮਹਾਰਾਜ ਜੀ ਦੀ ਮਿਹਰ ਸਦਕਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 14 ਦਸੰਬਰ ਨੂੰ ਸੰਤ ਨਿਰੰਕਾਰੀ ਭਵਨ ਮੁਕੇਰੀਆਂ ਵਿਖੇ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਅੱਜ ਖੇਤਰੀ ਇੰਚਾਰਜ ਦਲਜੀਤ ਕੁਮਾਰ ਭਵਨ ਵਿਚ ਆਰਗੇਨਾਈਜ਼ਰ ਮਹਾਤਮਾ ਐਸ.ਐਸ. ਸੋਖੀ ਅਤੇ ਮੁਖੀ ਮਹਾਤਮਾ ਰਾਜ ਕੁਮਾਰ ਦੀ ਅਗਵਾਈ ਹੇਠ ਇਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਕੈਂਪ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

# ਮਰੀਜ਼ਾਂ ਦੇ ਆਪ੍ਰੇਸ਼ਨ ਉਪਰੰਤ ਅੱਖਾਂ ਦੀ ਪੱਟੀ ਖੋਲ੍ਹਣ ਮੌਕੇ ਕਰਵਾਇਆ ਸਮਾਗਮ

ਹੁਸ਼ਿਆਰਪੁਰ, 8 ਦਸੰਬਰ (ਬਲਜਿੰਦਰਪਾਲ ਸਿੰਘ, ਹਰਪ੍ਰੀਤ ਕੌਰ)-ਰੋਟਰੀ ਆਈ ਬੈਂਕ ਅਤੇ ਕੋਰਨੀਆ ਟਰਾਂਸਪਲਾਂਟ ਸੁਸਾਇਟੀ ਵਲੋਂ ਪ੍ਰਧਾਨ ਸੰਜੀਵ ਅਰੋੜਾ ਦੀ ਅਗਵਾਈ 'ਚ 50 ਸਾਲਾਂ ਅਮਰਜੀਤ ਸਿੰਘ ਵਾਸੀ ਗੁਰੂ ਨਾਨਕ ਨਗਰ, ਮਲੋਟ ਅਤੇ ਲਾਲ ਸਿੰਘ ਪਿੰਡ ਪੱਟੀ ਮਹਿਰਮੀਆਂ (ਮੋਗਾ) ਨੂੰ ਰੌਸ਼ਨੀ ਪ੍ਰਦਾਨ ਕਰਨ ਤੋਂ ਬਾਅਦ ਉਨ੍ਹਾਂ ਦੀ ਅੱਖਾਂ ਦੀ ਪੱਟੀ ਖੋਲ੍ਹਣ ਸਮੇਂ ਸਮਾਰੋਹ ਕਰਵਾਇਆ। ਜਿਸ 'ਚ ਵਿਸ਼ੇਸ਼ ਤੌਰ 'ਤੇ ਹਸਪਤਾਲ ਦੇ ਡਾਇਰੈਕਟਰ ਡਾ.ਰਾਜੀਵ ਗੁਪਤਾ ਅਤੇ ਸੁਸਾਇਟੀ ਦੇ ਚੇਅਰਮੈਨ ਜੇ.ਬੀ.ਬਹਿਲ ਮੌਜੂਦ ਸਨ। ਇਸ ਮੌਕੇ ਪ੍ਰਧਾਨ ਸੰਜੀਵ ਅਰੋੜਾ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਅਮਰਜੀਤ ਇਕ ਅੱਖ ਤੋਂ ਦੇਖ ਨਹੀਂ ਸਕਦਾ ਸੀ ਅਤੇ ਦੂਜੀ ਅੱਖ ਦੀ ਨਜ਼ਰ ਬਹੁਤ ਘੱਟ ਸੀ ਅਤੇ ਲਾਲ ਸਿੰਘ ਨੂੰ ਦੋਨੋਂ ਅੱਖਾਂ ਤੋਂ ਦਿਖਾਈ ਨਹੀਂ ਦਿੰਦਾ ਸੀ। ਜੋ ਕਿ ਲੰਬੇ ਸਮੇਂ ਤੋਂ ਅੰਨ੍ਹੇਪਣ ਦਾ ਸ਼ਿਕਾਰ ਸੀ ਜਿਨ੍ਹਾਂ ਨੂੰ ਨਵੀਆਂ ਅੱਖਾਂ ਲਗਵਾ ਕੇ ਰੋਟਰੀ ਆਈ ਬੈਂਕ ਦੇ ਮਾਧਿਅਮ ਨਾਲ ਰੋਸ਼ਨੀ ਪ੍ਰਦਾਨ ਕੀਤੀ ਗਈ ਹੈ। ਇਸ ਮੌਕੇ ਡਾ.ਰਾਜੀਵ ਗੁਪਤਾ ਪ੍ਰਮੁੱਖ ਆਈ ਸਰਜਨ ਨੇ ਸਫਲਤਾਪੂਰਵਕ ਆਪ੍ਰੇਸ਼ਨ ਕਰਨ ਤੋਂ ਬਾਅਦ ਦੋਨਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਕੋਰਨੀਆ ਬਲਾਇੰਡਨੈਸ ਪੀੜਤਾਂ ਦੀ ਜੋ ਸੇਵਾ ਰੋਟਰੀ ਆਈ ਬੈਂਕ ਕਰ ਰਿਹਾ ਹੈ ਉਸ ਦਾ ਕੋਈ ਮੁੱਲ ਨਹੀਂ। ਇਸ ਮੌਕੇ ਚੇਅਰਮੈਨ ਜੇ.ਬੀ.ਬਹਿਲ ਨੇ ਉਥੇ ਮੌਜੂਦ ਸਾਰਿਆਂ ਨੂੰ ਸੁਸਾਇਟੀ ਵਲੋਂ ਕੀਤੇ ਜਾ ਰਹੇ ਕੰਮਾਂ ਸਬੰਧੀ ਜਾਣਕਾਰੀ ਪ੍ਰਦਾਨ ਕੀਤੀ। ਇਸ ਮੌਕੇ ਪ੍ਰਮੁੱਖ ਆਈ ਸਰਜਨ ਡਾ.ਰੋਹਿਤ ਅਤੇ ਡਾ. ਅਕਾਂਕਸ਼ਾ ਗੁਪਤਾ ਅਤੇ ਸੁਸਾਇਟੀ ਵਲੋਂ ਪ੍ਰੋ.ਦਲਜੀਤ ਸਿੰਘ ਅਤੇ ਮਦਨ ਲਾਲ ਮਹਾਜਨ ਵੀ ਮੌਜੂਦ ਸਨ।



ਕੋਰਨੀਆ ਬਲਾਇੰਡਨੈਸ ਪੀੜਤਾਂ ਨੂੰ ਰੌਸ਼ਨੀ ਪ੍ਰਦਾਨ ਕਰਨ ਉਪਰੰਤ ਉਨ੍ਹਾਂ ਨਾਲ ਡਾ.ਰਾਜੀਵ ਗੁਪਤਾ, ਪ੍ਰਧਾਨ ਸੰਜੀਵ ਅਰੋੜਾ, ਜੇ.ਬੀ.ਬਹਿਲ ਅਤੇ ਹੋਰ।


# ਸਿਰਲੇਖਵਾਰ ਇਸ਼ਤਿਹਾਰ Classified Advertisement

**ਕੰਨਿਆ ਦੀ ਲੋੜ**
**Bride Wanted**

ਜੱਟ ਸਿੱਖ Govt. Job ਲੜਕਾ 1994/6' B.Sc 16 Acre's Land ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ। 85449-57192.
..........................18w

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਕੱਦ 6'-1" ਲੜਕੇ ਲਈ ਪੜ੍ਹੀ-ਲਿਖੀ, ਸੋਹਣੀ-ਸੁਨੱਖੀ ਕੈਨੇਡੀਅਨ ਜਾਂ ਇੰਡੀਅਨ ਪਰਿਵਾਰਿਕ ਲੜਕੀ ਦੀ ਲੋੜ। ਲੜਕੇ ਦਾ ਪਰਿਵਾਰ ਕੈਨੇਡਾ ਵੈੱਲ ਸੈਟਲਡ। ਲੜਕਾ ਇੰਡੀਆ ਆਇਆ ਹੋਇਆ। ਬਾਇਓ ਡਾਟਾ Whatsapp 'ਤੇ ਭੇਜੋ 7986137214, 6280288170, 62802-22408
..........................37w

ਜੱਟ ਸਿੱਖ ਗਿੱਲ 30/6'-0" ਆਸਟ੍ਰੇਲੀਆ PR ਲੜਕੇ ਲਈ ਪੜ੍ਹੀ-ਲਿਖੀ ਪਰਿਵਾਰਕ ਲੜਕੀ ਚਾਹੀਦੀ। ਬਿਊਰੋ ਮੁਆਫ਼। +61416340117 ਆਸਟ੍ਰੇਲੀਆ, +9198150-21756 ਵਟਸਐਪ, 76580-35239. ਇੰਡੀਆ।
..........................22w

**ਵਰ ਦੀ ਲੋੜ**
**Groom Wanted**

ਖ਼ੂਬਸੂਰਤ ਜੱਟਸਿੱਖ ਕੈਨੇਡਾ ਪੀ ਆਰ ਲੜਕੀ 2001/5'-8" B.Sc, Nursing, RN, 18 Acre's land ਇਕਲੌਤੀ ਲੜਕੀ ਲਈ ਵਧੀਆ ਖ਼ਾਨਦਾਨ ਦੀ ਲੋੜ। 80541-80294.
..........................20w

**ਵਰ ਦੀ ਲੋੜ**
**Groom Wanted**

ਜੱਟ ਸਿੱਖ ਲੜਕੀ 1999/5'-6" B.Sc Nursing ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 81949-49983.
..........................15w

ਜੱਟ ਸਿੱਖ ਯੂ. ਕੇ. ਸਿਟੀਜ਼ਨ ਲੜਕੀ 2000/5'-7" B.Sc (Honours) Accountant ਲਈ ਵਧੀਆ ਪਰਿਵਾਰ ਦੀ ਲੋੜ। 98762-46527.
..........................15w

ਜੱਟ ਸਿੱਖ ਕੈਨੇਡਾ ਪੀ ਆਰ ਲੜਕੀ 1994/5'-6" Degree in Account (Canada) ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 98783-33754.
..........................17w

ਜੱਟ ਸਿੱਖ ਕੈਨੇਡਾ ਪੀ ਆਰ ਲੜਕੀ 1996/5'-7" B.Sc Nursing Govt. Job RN ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 98141-58021
..........................19w

ਜੱਟ ਸਿੱਖ ਕੈਨੇਡਾ ਪੀ ਆਰ ਲੜਕੀ 1998/5'-7" B.Sc Nursing, RN ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 78370-05734.
..........................15w

ਰਾਮਦਾਸੀਆ ਸਿੱਖ ਨਿਊਜ਼ੀਲੈਂਡ ਸਿਟੀਜ਼ਨ ਲੜਕੀ 1999/5'-5" M.Sc ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 98555-11185.
..........................15w

**ਵਰ ਦੀ ਲੋੜ**
**Groom Wanted**

ਰਾਮਦਾਸੀਆ ਸਿੱਖ ਆਸਟ੍ਰੇਲੀਆ ਪੀ ਆਰ ਲੜਕੀ 2000/5'-7" Bachelor's of Nursing Registered Nurse ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। Caste no Bar. ਲੜਕੀ India ਆਈ ਹੈ। 90563-63382.
..........................26w

ਮਜ਼੍ਹਬੀ ਸਿੱਖ Govt. Bank Job ਲੜਕੀ 1998/5'-6" B.Sc (Honours) ਲਈ Govt. Employee ਜਾਂ Businessman ਲੜਕੇ ਦੀ ਲੋੜ। 83601-14860.
..........................19w

ਮਜ਼੍ਹਬੀ ਸਿੱਖ ਕੈਨੇਡਾ ਪੀ ਆਰ ਲੜਕੀ 1998/5'-5" B.Sc Nursing, RN ਲਈ ਵਧੀਆ ਪਰਿਵਾਰ ਦੀ ਲੋੜ। 99150-95937.
..........................15w

**ਸੂਚਨਾ**

ਇਸ਼ਤਿਹਾਰ ਦਾਤਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ਼ਤਿਹਾਰਾਂ ਵਿਚ ਕਿਸੇ ਵੀ ਤਰ੍ਹਾਂ ਦੀ ਗ਼ਲਤੀ ਹੋਣ 'ਤੇ 7 ਦਿਨਾਂ ਦੇ ਅੰਦਰ ਮੁੱਖ ਦਫ਼ਤਰ ਸੰਪਰਕ ਕੀਤਾ ਜਾਵੇ। ਇਸ ਤੋਂ ਬਾਅਦ ਕੀਤੇ ਕਿਸੇ ਵੀ ਦਾਅਵੇ ਦਾ ਮੁੱਖ ਦਫ਼ਤਰ ਜ਼ਿੰਮੇਵਾਰ ਨਹੀਂ ਹੋਵੇਗਾ।
-ਇਸ਼ਤਿਹਾਰ ਮੈਨੇਜਰ



**ਸੂਚਨਾ**
**Notice**

**ਨਾਂਅ ਦੀ ਬਦਲੀ**
**Change of Name**

I, Sahil S/o Devi Dyal R/o H. No. 01 Near Vikash Dharam Shala, Abdullapur Basti Ludhiana (Punjab) have changed my name Sahil to Sahil Kumar. Concerned note.
..........................27w



**ਨੌਕਰੀਆਂ/ਰੋਜ਼ਗਾਰ**
jobs jobs jobs

**ਅਸਾਮੀਆਂ**
**Vacancy**

Golden Chance ਚਾਹੀਦੇ Bank/MNC ਅੱਠਵੀਂ, ਦਸਵੀਂ, ਬਾਰ੍ਹਵੀਂ, ਗ੍ਰੈਜੂਏਟ ਲੜਕੇ-ਲੜਕੀਆਂ (14,000-30,000) 7837691675, 7837048128.
..........................15w



**ਇਲਾਜ**
**Medical**

**ਬਿਊਟੀ**
**Beauty**

ਦਾੜ੍ਹੀ ਦਾ ਸਫ਼ੈਦ ਹੋਣਾ, ਵਾਲਾਂ ਦਾ ਝੜਨਾ, ਕੰਪਿਊਟਰਾਈਜ਼, ਮਸ਼ੀਨਾਂ ਦੁਆਰਾ ਟੈਸਟ ਕਰਕੇ ਲੇਜ਼ਰ ਮਸ਼ੀਨ/ਪੀ ਆਰ ਪੀ ਨਾਲ ਠੀਕ। ਲੇਜ਼ਰ+ਦਵਾਈ 1200-1500/-ਹਫਤਾ। ਸਿਰੀਰਾਮ ਹਸਪਤਾਲ, ਫਰੀਦਕੋਟ। 98143-32202.
..........................27w

**ਪਾਠਕਾਂ ਦੇ ਧਿਆਨ ਹਿਤ**

ਪਾਠਕਾਂ ਨੂੰ ਬੇਨਤੀ ਹੈ ਕਿ ਇਸ ਅਖ਼ਬਾਰ ਵਿਚ ਪ੍ਰਕਾਸ਼ਿਤ ਕਿਸੇ ਵੀ ਇਸ਼ਤਿਹਾਰ ਦੇ ਸਬੰਧ ਵਿਚ ਕਿਸੇ ਵੀ ਤਰ੍ਹਾਂ ਦਾ ਕਦਮ ਚੁੱਕਣ (ਧਨ ਭੇਜਣ, ਡਾਕਟਰੀ ਸਲਾਹ ਜਾਂ ਹੋਰ ਕਿਸੇ ਤਰ੍ਹਾਂ ਦੀ ਕਾਰਵਾਈ) ਤੋਂ ਪਹਿਲਾਂ ਚੰਗੀ ਤਰ੍ਹਾਂ ਪੜਤਾਲ ਕਰ ਲੈਣ। ਕਿਸੇ ਉਤਪਾਦ/ਸੇਵਾਵਾਂ/ਰਿਸ਼ਤੇ ਅਤੇ ਵਿਆਹ ਦੇ ਸਬੰਧ ਵਿਚ ਕੀਤੇ ਕਿਸੇ ਇਸ਼ਤਿਹਾਰਦਾਤਾ ਦੇ ਕਿਸੇ ਤਰ੍ਹਾਂ ਦੇ ਦਾਅਵਿਆਂ ਤੇ ਵਾਅਦਿਆਂ ਲਈ 'ਅਜੀਤ' ਜ਼ਿੰਮੇਵਾਰ ਨਹੀਂ ਹੋਵੇਗਾ। 'ਅਜੀਤ' ਕਿਸੇ ਇਸ਼ਤਿਹਾਰ ਦੇ ਸਬੰਧ ਵਿਚ ਚੁੱਕੇ ਕਿਸੇ ਕਦਮ ਦੇ ਨਤੀਜੇ ਅਤੇ ਇਸ਼ਤਿਹਾਰਦਾਤਾਵਾਂ ਦੇ ਆਪਣੇ ਵਾਅਦਿਆਂ 'ਤੇ ਖਰਾ ਨਾ ਉਤਰਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ।